Australian Government



H5 ਬਰਡ ਫ਼ਲੂ। ਜਾਣੋ ਕਿ ਕੀ ਕਰਨਾ ਹੈ।

H5 ਬਰਡ ਫ਼ਲੂ ਇੱਕ ਅਜਿਹੀ ਬਿਮਾਰੀ ਹੈ, ਜੋ ਮੁੱਖ ਤੌਰ 'ਤੇ ਪੰਛੀਆਂ ਨੂੰ ਪ੍ਰਭਾਵਿਤ ਕਰਦੀ ਹੈ। ਇਹ ਦੁਨੀਆ ਭਰ ਵਿੱਚ ਫ਼ੈਲ ਚੁੱਕੀ ਹੈ ਅਤੇ ਹੁਣ ਆਸਟ੍ਰੇਲੀਆ ਵਿੱਚ ਵੀ ਪਹੁੰਚ ਗਈ ਹੈ।

ਇਹ ਹੋਰ ਜਾਨਵਰਾਂ ਨੂੰ ਵੀ ਲਾਗ ਗ੍ਰਸਤ ਕਰ ਸਕਦੀ ਹੈ ਅਤੇ ਕੁੱਝ ਦੁਰਲੱਭ ਮਾਮਲਿਆਂ ਵਿੱਚ ਮਨੁੱਖਾਂ ਨੂੰ ਵੀ। ਇਹ ਬਿਮਾਰੀ ਬਿਮਾਰ ਜਾਂ ਮਰੇ ਹੋਏ ਪੰਛੀਆਂ ਤੋਂ ਆਸਾਨੀ ਨਾਲ ਫ਼ੈਲ ਸਕਦੀ ਹੈ। ਇਹ ਹਵਾ ਜਾਂ ਦੂਸ਼ਿਤ ਪਾਣੀ ਅਤੇ ਉਪਕਰਨਾਂ ਰਾਹੀਂ ਵੀ ਫ਼ੈਲ ਸਕਦੀ ਹੈ।

ਕੁੱਝ ਆਸਾਨ ਤਰੀਕੇ ਹਨ, ਜਿਨ੍ਹਾਂ ਰਾਹੀਂ ਤੁਸੀਂ ਸਾਡੇ ਜੰਗਲੀ ਜੀਵਾਂ, ਪਾਲਤੂ ਜਾਨਵਰਾਂ ਅਤੇ ਇੱਕ-ਦੂਜੇ ਦੀ ਸੁਰੱਖਿਆ ਕਰਨ ਵਿੱਚ ਵੀ ਮਦਦ ਕਰ ਸਕਦੇ ਹੋ।

ਜੇਕਰ ਤੁਸੀਂ ਆਪਣੇ ਘਰ ਦੇ ਪਿਛਲੇ ਵਿਹੜੇ ਵਿੱਚ ਮੁਰਗੀਆਂ ਜਾਂ ਹੋਰ ਪੰਛੀ ਪਾਲਦੇ ਹੋ:

- ਪੰਛੀਆਂ ਦੇ ਰਹਿਣ ਵਾਲੀਆਂ ਥਾਵਾਂ ਨੂੰ ਸਾਫ਼ ਰੱਖੋ
- ਜੰਗਲੀ ਪੰਛੀਆਂ ਨਾਲ ਸੰਪਰਕ ਘਟਾਓ
- ਪੰਛੀਆਂ ਦੇ ਦਾਣੇ ਅਤੇ ਪਾਣੀ ਨੂੰ ਸਾਫ਼ ਰੱਖੋ
- ਸਾਫ਼-ਸਫ਼ਾਈ ਦੀਆਂ ਚੰਗੀਆਂ ਆਦਤਾਂ ਅਪਣਾਓ
- ਨਵੇਂ ਪੰਛੀਆਂ ਨੂੰ ਕੁੱਝ ਸਮੇਂ ਲਈ ਦੂਜੇ ਪੰਛੀਆਂ ਤੋਂ ਵੱਖ ਰੱਖੋ
- ਆਉਣ ਵਾਲੇ ਲੋਕਾਂ ਦੀ ਪਹੁੰਚ ਸੀਮਤ ਰੱਖੋ।

ਜੇਕਰ ਤੁਹਾਡੇ ਕੋਲ ਪਾਲਤੂ ਜਾਨਵਰ ਹਨ:

- ਜੰਗਲੀ ਪੰਛੀਆਂ ਨਾਲ ਸੰਪਰਕ ਘਟਾਓ
- ਪਾਲਤੂ ਜਾਨਵਰਾਂ ਦੇ ਭੋਜਨ ਅਤੇ ਪਾਣੀ ਨੂੰ ਸਾਫ਼ ਰੱਖੋ
- ਪਾਲਤੂ ਜਾਨਵਰਾਂ ਨੂੰ ਬਿਮਾਰ ਜਾਂ ਮਰੇ ਹੋਏ ਜਾਨਵਰਾਂ ਨੂੰ ਖਾਣ ਜਾਂ ਛੂਹਣ ਨਾ ਦਿਓ
- ਕੁੱਤਿਆਂ ਨੂੰ ਪਟੇ ਨਾਲ ਬੰਨ੍ਹ ਕੇ ਰੱਖੋ, ਖ਼ਾਸ ਕਰਕੇ ਜੰਗਲੀ ਜੀਵਾਂ ਵਾਲੇ ਖੇਤਰਾਂ ਵਿੱਚ
- ਬਿੱਲੀਆਂ ਨੂੰ ਇੱਧਰ-ਉੱਧਰ ਘੁੰਮਣ ਤੋਂ ਰੋਕੋ।

ਜੇਕਰ ਤੁਹਾਨੂੰ ਬਿਮਾਰ ਜਾਂ ਮਰੇ ਹੋਏ ਪੰਛੀ ਜਾਂ ਹੋਰ ਜਾਨਵਰ ਦਿਖਾਈ ਦਿੰਦੇ ਹਨ, ਤਾਂ ਉਨ੍ਹਾਂ ਨੂੰ ਨਾ ਛੂਹੋ।

ਇਸਦੀ ਬਜਾਏ:

- **ਸੰਪਰਕ ਕਰਨ** ਤੋਂ ਬਚੋ
- **ਜੋ ਕੁੱਝ ਤੁਸੀਂ ਦੇਖਦੇ ਹੋ,** ਉਸ ਦਾ ਰਿਕਾਰਡ ਰੱਖੋ
- **ਜੇਕਰ ਤੁਹਾਨੂੰ ਕਈ ਬਿਮਾਰ ਜਾਂ ਮਰੇ ਹੋਏ ਪੰਛੀ ਜਾਂ ਹੋਰ ਜਾਨਵਰ ਦਿਖਾਈ ਦਿੰਦੇ ਹਨ,** ਤਾਂ ਉਨ੍ਹਾਂ ਦੀ ਰਿਪੋਰਟ ਕਰੋ।

ਜੇਕਰ ਤੁਹਾਨੂੰ ਸ਼ੱਕ ਹੈ ਕਿ ਕੋਈ ਪੰਛੀ ਜਾਂ ਹੋਰ ਜਾਨਵਰ ਲਾਗ ਗ੍ਰਸਤ ਹੈ, ਤਾਂ **24 ਘੰਟੇ ਉਪਲਬਧ ਐਮਰਜੈਂਸੀ ਪਸ਼ੂ ਰੋਗ ਹੌਟਲਾਈਨ ਨੂੰ 1800 675 888 'ਤੇ ਫ਼ੋਨ ਕਰੋ।**

ਹੋਰ ਜਾਣਕਾਰੀ ਲਈ, **birdflu.gov.au 'ਤੇ ਜਾਓ।**

ਆਸਟ੍ਰੇਲੀਆ ਸਰਕਾਰ, ਕੈਨਬਰਾ ਵੱਲੋਂ ਜਾਰੀ।